Ceigall
PURSUIT WITH EXCELLENCE
(As ISO : 9001-2008 Certified Company)
CIN-L45201PB2002PLC025257

Date: November 07, 2026

To, The General Manager, Department of Corporate Services, BSE Limited Phiroze Jeejeebhoy Towers Dalal Street, Mumbai- 400 001 **Scrip Code: 544223** **ISIN: INE0AG901020**	To, Manager-Listing Compliance, National Stock Exchange of India Limited, Exchange Plaza, C-1, Block G, Bandra Kurla Complex, Bandra East, Mumbai – 400 051 **Symbol: CEIGALL** **ISIN: INE0AG901020**

Subject: Newspaper publication- Unaudited Financial Results (Standalone and Consolidated) for the quarter and half year ended September 30, 2026

Dear Sir/Madam,

Pursuant to Regulation 30 and 47 of the SEBI (Listing Obligations and Disclosure Requirements) Regulations, 2015, we hereby enclosed copies of newspaper publications dated November 07, 2026 published in Business Standard (English Newspaper) and Daily Suraj, Ludhiana (Punjabi Newspaper) regarding Unaudited Financial Results (Standalone and Consolidated) of the Company for the quarter and half year ended September 30, 2026 which were approved by the Board of Directors, at its meeting held on Thursday, November 05, 2026.

The above information is also placed on the website of the Company www.ceigall.com

You are requested to take the above information on your record.

Thanking you,

For **Ceigall India Limited**

Megha Kainth
Digitally signed by Megha Kainth
Date: 2026.11.07 13:29:04 +05'30'

Megha Kainth
Company Secretary & Compliance officer
Membership No.: F7639

Encl: a/a

Ceigall

PURSUIT WITH EXCELLENCE

CEIGALL INDIA LIMITED

Registered Office: A-898, Tagore Nagar, Ludhiana, Punjab-141001
Corporate Office: Plot No. 70, Institutional Area, Sector 32, Gurugram, Haryana-122001
CIN: L45201PB2002PLC025257, E-mail: secretarial@ceigall.com, Website: www.ceigall.com

EXTRACT OF STATEMENT OF UNAUDITED FINANCIAL RESULTS FOR THE QUARTER AND HALF YEAR ENDED SEPTEMBER 30, 2026

(All amounts in Million INR unless otherwise stated)

S. No.	Particulars	Standalone						Consolidated					
		Quarter ended			Half Year ended		Year ended	Quarter ended			Half Year ended		Year ended
		30-Sep-26	30-Jun-26	30-Sep-25	30-Sep-26	30-Sep-25	31-Mar-26	30-Sep-26	30-Jun-26	30-Sep-25	30-Sep-26	30-Sep-25	31-Mar-26
		(Unaudited)	(Unaudited)	(Unaudited)	(Unaudited)	(Unaudited)	(Audited)	(Unaudited)	(Unaudited)	(Unaudited)	(Unaudited)	(Unaudited)	(Audited)
1	Total Income from Operations	9,822.04	9,110.54	8,033.83	18,932.58	16,368.83	39,247.45	10,281.39	9,810.78	8,232.23	20,092.17	16,758.39	40,766.56
2	Net Profit / (Loss) for the period (before Tax, Exceptional and/or Extraordinary items)	1,096.73	1,029.70	744.66	2,126.43	1,487.44	4,108.31	1,241.04	978.72	772.28	2,219.76	1,446.51	4,176.28
3	Net Profit / (Loss) for the period before tax (after Exceptional and/or Extraordinary items)	1,096.73	1,011.13	744.66	2,107.86	1,487.44	4,108.31	1,241.04	953.56	772.28	2,194.60	1,446.51	4,176.28
4	Net Profit / (Loss) for the period after tax (after Exceptional and/or Extraordinary items)	819.71	753.36	558.63	1,573.07	1,117.85	3,051.83	921.67	637.47	561.61	1,559.14	1,074.99	3,089.20
5	Total Comprehensive Income for the period [Comprising Profit / (Loss) for the period (after tax) and Other Comprehensive Income (after tax)]	826.14	748.97	564.66	1,575.11	1,128.87	3,067.55	928.23	633.02	567.64	1,561.25	1,086.02	3,104.89
6	Paid up equity share capital (Face value of ₹5/- each)	871.02	871.02	871.02	871.02	871.02	871.02	871.02	871.02	871.02	871.02	871.02	871.02
7	Other equity (excluding revaluation reserves) as at balance sheet date												
8	Earnings Per Equity Shares (not annualised for quarters)												
	Basic (In ₹)	4.71	4.32	3.21	9.03	6.42	17.52	5.29	3.66	3.22	8.95	6.17	17.73
	Diluted (In ₹)	4.71	4.32	3.21	9.03	6.42	17.52	5.29	3.66	3.22	8.95	6.17	17.73

Notes : 1) The above is an extract of the detailed format of Quarterly and Half yearly Financial Results filed with the Stock Exchanges under Regulation 33 of the SEBI (Listing Obligations and Disclosure Requirements) Regulations, 2015. The full format of the Quarterly Financial Results are available on Stock Exchanges website (www.bseindia.com, www.nseindia.com) and Company's website (www.ceigall.com).

2) The above Standalone and Consolidated results, reviewed by the Audit Committee, were approved by the Board of Directors at their respective meetings held on November 04, 2026 and November 05, 2026.

For and on behalf of the Board of Directors
Ceigall India Limited
Sd/-
Ramneek Sehgal
Chairman & Managing Director
(DIN: 01614465)

Place: Gurugram
Date: 5th November, 2026

ਲੁਧਿਆਣਾ ਸੂਰਜ
ਆਸ-ਪਾਸ
3

ਸਵੈ-ਸਹਾਇਤਾ ਸਮੂਹਾਂ ਵੱਲੋਂ ਸੰਚਾਲਿਤ ਕੰਟੀਨਾਂ ਦੀ ਸਹਾਇਤਾ ਲਈ ਮੁਫ਼ਤ ਜਗ੍ਹਾ, ਬਿਜਲੀ, ਪਾਣੀ ਅਤੇ ਪੇਸ਼ੇਵਰ ਸਿਖਲਾਈ: ਹਰਪਾਲ ਸਿੰਘ ਚੀਮਾ

100 ਕੰਟੀਨਾਂ, ਹਜ਼ਾਰਾਂ ਰੁਜ਼ਗਾਰ; ਭਗਵੰਤ ਮਾਨ ਸਰਕਾਰ ਨੇ ਮੁੱਖ ਮੰਤਰੀ ਦੇ ਮਹਿਲਾ ਦਿਵਸ ਦੇ ਵਾਅਦੇ ਨੂੰ ਪੂਰਾ ਕਰਦਿਆਂ ਪੇਂਡੂ ਔਰਤਾਂ ਨੂੰ ਉੱਦਮੀ ਬਣਾਇਆ: ਹਰਪਾਲ ਸਿੰਘ ਚੀਮਾ
ਸਵੈ-ਸਹਾਇਤਾ ਸਮੂਹਾਂ ਲਈ ਸਰਕਾਰ ਦਾ ਪੂਰਾ ਸਮਰਥਨ; ਸਰਕਾਰੀ ਦਫ਼ਤਰਾਂ ਵਿੱਚ ਮੁਫ਼ਤ ਜਗ੍ਹਾ, ਮੁਫ਼ਤ ਬਿਜਲੀ ਅਤੇ ਪਾਣੀ: ਹਰਪਾਲ ਸਿੰਘ ਚੀਮਾ

ਚੰਡੀਗੜ੍ਹ, 6 ਨਵੰਬਰ (ਸਨਸ) ਜ਼ਮੀਨੀ ਪੱਧਰ 'ਤੇ ਔਰਤਾਂ ਦੇ ਸਸ਼ਕਤੀਕਰਨ ਅਤੇ ਲੋਕ-ਪੱਖੀ ਸ਼ਾਸਨ ਵੱਲ ਇੱਕ ਵੱਡਾ ਕਦਮ ਚੁੱਕਦਿਆਂ, ਭਗਵੰਤ ਮਾਨ ਸਰਕਾਰ ਸੂਬੇ ਦੇ ਪ੍ਰਮੁੱਖ ਜਨਤਕ ਅਦਾਰਿਆਂ ਵਿੱਚ 100 ਸਵੈ-ਸਹਾਇਤਾ ਸਮੂਹਾਂ (ਐਸ ਐਚ ਜੀ) ਦੁਆਰਾ ਸੰਚਾਲਿਤ ਕੰਟੀਨਾਂ ਸ਼ੁਰੂ ਕਰ ਰਹੀ ਹੈ ਇਸ ਉਪਰਾਲੇ ਦਾ ਉਦੇਸ਼ ਪੇਂਡੂ ਔਰਤਾਂ ਲਈ ਰੁਜ਼ਗਾਰ ਦੇ ਟਿਕਾਊ ਮੌਕੇ ਪੈਦਾ ਕਰਨਾ ਹੈ ਅਤੇ ਨਾਲ ਹੀ ਆਮ ਨਾਗਰਿਕਾਂ ਨੂੰ ਸਸਤਾ, ਸਾਫ਼-ਸੁਥਰਾ, ਘਰ ਵਰਗਾ ਅਤੇ ਪੌਸ਼ਟਿਕ ਭੋਜਨ ਮੁਹੱਈਆ ਕਰਵਾਉਣਾ ਹੈ, ਜਿਸ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਮਹਿਲਾ ਦਿਵਸ ਸਮਾਗਮਾਂ ਦੌਰਾਨ ਕੀਤਾ ਗਿਆ ਇੱਕ ਅਹਿਮ ਵਾਅਦਾ ਪੂਰਾ ਹੁੰਦਾ ਹੈ ਇਸ ਇਤਿਹਾਸਕ ਪ੍ਰੋਜੈਕਟ ਦਾ ਉਦਘਾਟਨ ਕਰਦਿਆਂ ਪਹਿਲਕਦਮੀ ਦੇ ਵਿਆਪਕ ਵੇਰਵੇ ਸਾਂਝੇ ਕਰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ, ਸੂਬਾ ਪੱਧਰੀ ਇਹ ਪਹਿਲਕਦਮੀ ਸਮਾਜਿਕ-ਆਰਥਿਕ ਤਬਦੀਲੀ ਦੇ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਕੰਮ ਕਰੇਗੀ ਸੂਬਾ ਸਰਕਾਰ ਅਤੇ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਪੰਜਾਬ ਰੋਡਵੇਜ਼ ਦੇ ਬੱਸ ਸਟੈਂਡਾਂ, ਤਹਿਸੀਲਾਂ, ਡੀ.ਸੀ. ਅਤੇ ਐਮ.ਸੀ. ਦਫ਼ਤਰਾਂ, ਵਿਭਾਗੀ ਹੈੱਡਕੁਆਰਟਰਾਂ ਅਤੇ ਸੂਬੇ ਭਰ ਦੇ ਪ੍ਰਮੁੱਖ ਜਨਤਕ ਅਦਾਰਿਆਂ ਵਿੱਚ 100 ਐਸ.ਐਚ.ਜੀ ਸੰਚਾਲਿਤ ਕੰਟੀਨਾਂ ਸਥਾਪਤ ਕਰ ਰਹੇ ਹਨ" ਸਵੈ-ਸਹਾਇਤਾ ਸਮੂਹਾਂ ਨੂੰ ਦਿੱਤੀ ਜਾ ਰਹੀ ਸੰਚਾਲਨ ਸਹਾਇਤਾ ਬਾਰੇ ਵਿਸਥਾਰ ਨਾਲ ਦੱਸਦਿਆਂ ਵਿੱਤ ਮੰਤਰੀ ਨੇ ਕਿਹਾ, "ਇਨ੍ਹਾਂ ਕੰਟੀਨਾਂ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ, ਪੰਜਾਬ ਸਰਕਾਰ ਸਰਕਾਰੀ ਦਫ਼ਤਰਾਂ ਵਿੱਚ ਮੁਫ਼ਤ ਜਗ੍ਹਾ, ਬਿਜਲੀ ਅਤੇ ਪਾਣੀ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ ਇਨ੍ਹਾਂ ਯੂਨਿਟਾਂ ਦੇ ਸੁਚਾਰੂ ਕੰਮਕਾਜ ਦੀ ਸਹੂਲਤ ਲਈ ਰਸੋਈ ਦਾ ਸਮਾਨ ਅਤੇ ਬਰਤਨ ਵੀ ਮੁਹੱਈਆ ਕਰਵਾਏ ਜਾ ਰਹੇ ਹਨ" ਹੁਨਰ ਵਿਕਾਸ ਅਤੇ ਗੁਣਵੱਤਾ 'ਤੇ ਧਿਆਨ ਕੇਂਦਰਿਤ ਕਰਨ ਬਾਰੇ ਬੋਲਦਿਆਂ ਉਨ੍ਹਾਂ ਕਿਹਾ, "ਪੀ.ਐਸ.ਆਰ.ਐਲ.ਐਮ ਵੱਲੋਂ ਐਸ.ਐਚ.ਜੀ ਮੈਂਬਰਾਂ ਨੂੰ 7 ਤੋਂ 10 ਦਿਨਾਂ ਦੀ ਪੇਸ਼ੇਵਰ ਰਸੋਈ ਅਤੇ ਕੰਟੀਨ ਪ੍ਰਬੰਧਨ ਸਿਖਲਾਈ ਪ੍ਰਦਾਨ ਕਰਨ ਲਈ ਜ਼ਿਲ੍ਹੇ ਦੇ ਹੋਟਲ ਮੈਨੇਜਮੈਂਟ ਕਾਲਜਾਂ ਨਾਲ ਸਹਿਯੋਗ ਕੀਤਾ ਜਾ ਰਿਹਾ ਹੈ ਅਸੀਂ ਵਿੱਤ-ਤੇ-ਯੋਜਨਾ ਭਵਨ, ਸੈਕਟਰ 33, ਚੰਡੀਗੜ੍ਹ ਵਿਖੇ ਇੱਕ ਪਾਇਲਟ ਕੰਟੀਨ ਰਾਹੀਂ ਇਸ ਮਾਡਲ ਦੀ ਸਫ਼ਲਤਾ ਪਹਿਲਾਂ ਹੀ ਦੇਖ ਚੁੱਕੇ ਹਾਂ ਮੋਹਾਲੀ-ਅਧਾਰਤ ਐਸ.ਐਚ.ਜੀਜ਼ ਦੀਆਂ ਔਰਤਾਂ ਦੁਆਰਾ ਚਲਾਈ ਜਾ ਰਹੀ ਇਹ ਕੰਟੀਨ ਸਫ਼ਲਤਾਪੂਰਵਕ ਤਾਜ਼ਾ ਨਾਸ਼ਤਾ, ਦੁਪਹਿਰ ਦਾ ਖਾਣਾ ਅਤੇ 26-ਆਈਟਮਾਂ ਵਾਲਾ ਮੀਨੂ ਪਰੋਸ ਰਹੀ ਹੈ" ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਇਸ ਪਹਿਲਕਦਮੀ ਦਾ 100 ਥਾਵਾਂ 'ਤੇ ਵਿਸਥਾਰ ਕਰਕੇ, ਅਸੀਂ ਪੂਰੇ ਪੰਜਾਬ ਦੀਆਂ ਪੇਂਡੂ ਔਰਤਾਂ ਲਈ ਰੁਜ਼ਗਾਰ ਦਾ ਇੱਕ ਟਿਕਾਊ ਈਕੋਸਿਸਟਮ ਬਣਾ ਰਹੇ ਹਾਂ ਇਹ ਹਜ਼ਾਰਾਂ ਔਰਤਾਂ ਲਈ ਸਨਮਾਨਜਨਕ ਅਤੇ ਨਿਯਮਤ ਰੁਜ਼ਗਾਰ ਸੁਰੱਖਿਅਤ ਕਰੇਗਾ ਅਤੇ ਨਾਲ ਹੀ ਇਹ ਯਕੀਨੀ ਬਣਾਏਗਾ ਕਿ ਲੱਖਾਂ ਆਮ ਨਾਗਰਿਕਾਂ ਦੀ ਸਸਤੇ ਅਤੇ ਪੌਸ਼ਟਿਕ ਭੋਜਨ ਤੱਕ ਪਹੁੰਚ ਹੋਵੇ" ਇਸ ਮੌਕੇ ਹੋਰਨਾਂ ਤੋਂ ਇਲਾਵਾ ਏ.ਸੀ.ਐਸ. (ਵਿੱਤ) ਆਲੋਕ ਸ਼ੇਖਰ, ਸਕੱਤਰ (ਪੇਂਡੂ ਵਿਕਾਸ) ਅਰਸ਼ਦੀਪ ਥਿੰਦ,ਜੇ.ਡੀ.ਸੀ. (ਪੇਂਡੂ ਵਿਕਾਸ) ਸ਼ੀਨਾ ਅਗਰਵਾਲ, ਡਾਇਰੈਕਟਰ (ਖਜ਼ਾਨਾ ਅਤੇ ਲੇਖਾ) ਅਰਵਿੰਦ ਕੁਮਾਰ ਐਮ.ਕੇ., ਏ.ਸੀ.ਈ.ਓ. (ਪੇਂਡੂ ਵਿਕਾਸ) ਰੁਪਾਲੀ ਟੰਡਨ, ਅਤੇ ਮੈਂਬਰ (ਪੀ.ਡੀ.ਸੀ.) ਵੈਭਵ ਮਹੇਸ਼ਵਰੀ ਵੀ ਹਾਜ਼ਰ ਸਨ।



ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਵਿਖੇ ਟੈਲੀ ਈ.ਆਰ.ਪੀ. 9 ਸਬੰਧੀ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ

ਫਗਵਾੜਾ, 6 ਨਵੰਬਰ (ਸਤ ਪ੍ਰਕਾਸ਼ ਸਿੰਘ ਸੱਗੂ) ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਦੇ ਪੀ.ਜੀ. ਵਿਭਾਗ ਆਫ਼ ਕਾਮਰਸ ਐਂਡ ਮੈਨੇਜਮੈਂਟ ਅਤੇ ਐਲੂਮਨੀ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ 'ਤੇ ਵਿਦਿਆਰਥੀਆਂ ਦੇ ਵਿਹਾਰਕ ਗਿਆਨ ਅਤੇ ਤਕਨੀਕੀ ਹੁਨਰਾਂ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਮਿਤੀ 2 ਅਤੇ 3 ਅਕਤੂਬਰ ਨੂੰ ਟੈਲੀ ਈ.ਆਰ.ਪੀ. 9 ਸਬੰਧੀ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਇਸ ਵਰਕਸ਼ਾਪ ਵਿੱਚ ਕਾਲਜ ਦੀ ਐਲੂਮਨੀ (2019 ਬੈਚ) ਹਿਨਾਕਸ਼ੀ ਸਰੀਨ ਨੇ ਸਰੋਤ ਵਿਅਕਤੀ ਵਜੋਂ ਸ਼ਿਰਕਤ ਕੀਤੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਟੈਲੀ ਈ.ਆਰ.ਪੀ. 9 ਦੀ ਵਰਤੋਂ, ਅਕਾਊਂਟਿੰਗ ਐਂਟਰੀਆਂ, ਵਿੱਤੀ ਲੈਣ-ਦੇਣ ਅਤੇ ਵਪਾਰਕ ਰਿਕਾਰਡਾਂ ਦੇ ਪ੍ਰਬੰਧਨ ਸਬੰਧੀ ਵਿਹਾਰਕ ਜਾਣਕਾਰੀ ਪ੍ਰਦਾਨ ਕੀਤੀ ਇਸ ਦੌਰਾਨ ਵਿਦਿਆਰਥੀਆਂ ਨੂੰ ਸਾਫਟਵੇਅਰ ਉੱਤੇ ਹੱਥੀਂ ਅਭਿਆਸ ਕਰਨ ਦਾ ਮੌਕਾ ਵੀ ਮਿਲਿਆ ਇਸ ਮੌਕੇ ਕਾਲਜ ਦੇ ਪ੍ਰਧਾਨ ਸਰਦਾਰ ਜਤਿੰਦਰ ਪਾਲ ਸਿੰਘ ਪਲਾਹੀ ਅਤੇ ਪ੍ਰਿੰਸੀਪਲ ਡਾ. ਗੁਰਦੇਵ ਸਿੰਘ ਰੰਧਾਵਾ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਉਨ੍ਹਾਂ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਵਿਦਿਆਰਥੀਆਂ ਦੇ ਸਿਧਾਂਤਕ ਗਿਆਨ ਨੂੰ ਵਿਹਾਰਕ ਹੁਨਰਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇ ਬਿਹਤਰ ਮੌਕਿਆਂ ਲਈ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਅੰਤ ਵਿੱਚ ਵਿਭਾਗ ਵੱਲੋਂ ਸਰੋਤ ਵਿਅਕਤੀ ਹਿਨਾਕਸ਼ੀ ਸਰੀਨ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਅਜਿਹੇ ਗਿਆਨਵਰਧਕ ਉਪਰਾਲੇ ਜਾਰੀ ਰੱਖਣ ਦਾ ਸੰਕਲਪ ਲਿਆ ਗਿਆ ਇਸ ਮੌਕੇ ਡਾ. ਮਨਪ੍ਰੀਤ ਕੌਰ, ਪ੍ਰੋ. ਆਸ਼ੂਤੋਸ਼, ਪ੍ਰੋ. ਧਰਮਪ੍ਰੀਤ, ਪ੍ਰੋ. ਦੀਪਤੀ ਸੰਪਲੇ ਅਤੇ ਪ੍ਰੋ. ਪਰਦੀਪ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



ਏਐਸਜੀ ਆਈ ਕੇਅਰ ਵੱਲੋਂ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਪਟਾਕਿਆਂ ਨਾਲ ਸੰਬੰਧਿਤ ਅੱਖਾਂ ਦੀਆਂ ਸੱਟਾਂ ਲਈ ਵਿਸ਼ੇਸ਼ ਦੇਖਭਾਲ ਅਤੇ ਇਲਾਜ ਪ੍ਰਦਾਨ ਦੀ ਪੇਸ਼ਕਸ਼

ਲੁਧਿਆਣਾ, 6 ਨਵੰਬਰ (ਕਰਨੈਲ ਸਿੰਘ ਐੱਮ.ਏ.) ਏਐਸਜੀ ਆਈ ਕੇਅਰ, ਇੱਕ ਪ੍ਰਮੁੱਖ ਅੱਖਾਂ ਦੀ ਦੇਖਭਾਲ ਸੰਸਥਾ ਜੋ ਕਿ ਨਜ਼ਰ ਦੀ ਸਿਹਤ ਵਿੱਚ "ਸਿਰਫ਼ ਸਭ ਤੋਂ ਵਧੀਆ" ਲਈ ਵਚਨਬੱਧ ਹੈ, ਨੇ ਦੀਵਾਲੀ ਦੇ ਜਸ਼ਨ ਦੌਰਾਨ ਪਟਾਕਿਆਂ ਨਾਲ ਸੰਬੰਧਿਤ ਹਾਦਸਿਆਂ ਦੇ ਵਧੇ ਹੋਏ ਜੋਖਮ ਨੂੰ ਧਿਆਨ ਵਿੱਚ ਰੱਖਦੇ ਹੋਏ, ਦੀਵਾਲੀ ਦੇ ਸੀਜ਼ਨ ਲਈ ਆਪਣੀ ਵਿਸ਼ੇਸ਼ ਪਹਿਲਕਦਮੀ ਸ਼ੁਰੂ ਕੀਤੀ ਹੈ, ਜੋ ਕਿ ਪਿਛਲੀ ਦੀਵਾਲੀ ਤੋਂ ਸ਼ੁਰੂ ਹੋਈ ਸੀ,15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਅੱਖਾਂ ਦੀਆਂ ਸੱਟਾਂ ਲਈ ਸਲਾਹ-ਮਸ਼ਵਰੇ ਅਤੇ ਜ਼ਰੂਰੀ ਸਰਜਰੀਆਂ ਦੀ ਪੇਸ਼ਕਸ਼ ਕਰ ਰਿਹਾ ਹੈ ਇਹ ਸੇਵਾ 4 ਤੋਂ 12 ਨਵੰਬਰ, 2026 ਤੱਕ ਸਾਰੇ ਅੱਖਾਂ ਦੇ ਹਸਪਤਾਲਾਂ/ਕੇਅਰ ਸੈਂਟਰਾਂ 'ਤੇ ਉਪਲਬਧ ਹੋਵੇਗੀ ਪਹੁੰਚਯੋਗ ਅਤੇ ਉੱਚ-ਗੁਣਵੱਤਾ ਵਾਲੀ ਦੇਖਭਾਲ ਨੂੰ ਯਕੀਨੀ ਬਣਾਉਣ ਲਈ, ਮਰੀਜ਼ਾਂ ਨੂੰ ਸਿਰਫ਼ ਫਾਰਮੇਸੀ, ਅਨੱਸਥੀਸੀਆ ਅਤੇ ਆਪਟੀਕਲ ਸੇਵਾਵਾਂ ਦੇ ਖਰਚਿਆਂ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ "ਪਿਛਲੀ ਦੀਵਾਲੀ 'ਤੇ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਰਾਹੀਂ ਕੁੱਲ 397 ਬੱਚਿਆਂ ਦਾ ਇਲਾਜ ਕੀਤਾ ਗਿਆ ਹੈ "ਦੀਵਾਲੀ ਦੌਰਾਨ ਪਟਾਕਿਆਂ ਨਾਲ ਸੰਬੰਧਿਤ ਅੱਖਾਂ ਦੀਆਂ ਸੱਟਾਂ ਜਨਤਕ ਸਿਹਤ ਲਈ ਇੱਕ ਮਹੱਤਵਪੂਰਨ ਚਿੰਤਾ ਬਣੀ ਹੋਈ ਹੈ, ਜਿਸ ਕਾਰਨ ਅਕਸਰ ਗੰਭੀਰ ਅਤੇ ਨਾ ਪੂਰਾ ਹੋਣ ਵਾਲਾ ਨੁਕਸਾਨ ਹੁੰਦਾ ਹੈ 2023 ਦੇ ਰਾਸ਼ਟਰੀ ਅੰਕੜਿਆਂ ਅਨੁਸਾਰ, ਪੂਰੇ ਭਾਰਤ ਵਿੱਚ ਪਟਾਕਿਆਂ ਨਾਲ ਸੰਬੰਧਿਤ ਅੱਖਾਂ ਦੀਆਂ ਸੱਟਾਂ ਦੇ 2,000 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ ਲਗਭਗ 60% ਮਾਮਲੇ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਹੁੰਦੇ ਹਨ ਅਤੇ ਲਗਭਗ 10% ਦੇ ਨਤੀਜੇ ਵਜੋਂ ਸਥਾਈ ਤੌਰ 'ਤੇ ਨਜ਼ਰ ਦਾ ਨੁਕਸਾਨ ਹੁੰਦਾ ਹੈ ਇਹ ਅੰਕੜੇ ਕਮਜ਼ੋਰ ਸਮੂਹਾਂ ਦੀ ਸੁਰੱਖਿਆ ਅਤੇ ਸੁਰੱਖਿਅਤ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਰੋਕਥਾਮ ਉਪਾਵਾਂ ਦੀ ਤੁਰੰਤ ਲੋੜ ਨੂੰ ਉਜਾਗਰ ਕਰਦੇ ਹਨ ਅਧਿਐਨ ਦਰਸਾਉਂਦੇ ਹਨ ਕਿ ਤਿਉਹਾਰਾਂ ਦੇ ਸਮੇਂ ਦੌਰਾਨ 20% ਤੱਕ ਐਮਰਜੈਂਸੀ ਅੱਖਾਂ ਦੇ ਸਦਮੇ ਪਟਾਕਿਆਂ ਕਾਰਨ ਹੁੰਦੇ ਹਨ, ਜਿਨ੍ਹਾਂ ਵਿੱਚੋਂ 15 ਸਾਲ ਤੋਂ ਘੱਟ ਉਮਰ ਦੇ ਬੱਚੇ ਲਗਭਗ 30% ਅਤੇ 85% ਮਰਦ ਪ੍ਰਭਾਵਿਤ ਹੁੰਦੇ ਹਨ ਇਹ ਪਹਿਲਕਦਮੀ ਏਐਸਜੀ ਆਈ ਹਸਪਤਾਲ ਦੀ ਭਾਈਚਾਰਕ ਭਲਾਈ, ਸੁਰੱਖਿਅਤ ਦੀਵਾਲੀ ਦੇ ਜਸ਼ਨ ਨੂੰ ਉਤਸ਼ਾਹਿਤ ਕਰਨ ਅਤੇ ਸਾਰੇ ਦੇਸ਼ ਵਿੱਚ ਛੋਟੇ ਬੱਚਿਆਂ ਵਿੱਚ ਨਜ਼ਰ ਦੇ ਨੁਕਸਾਨ ਨੂੰ ਰੋਕਣ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ ਏਐਸਜੀ ਆਈ ਹਸਪਤਾਲ ਭਾਰਤ ਵਿੱਚ ਦੂਜੀ ਸਭ ਤੋਂ ਵੱਡੀ ਸੁਪਰਸਪੈਸ਼ਲਿਟੀ ਆਈ ਹਸਪਤਾਲ ਚੇਨ ਹੈ ਅਤੇ ਦੁਨੀਆ ਵਿੱਚ ਤੀਜੀ ਸਭ ਤੋਂ ਵੱਡੀ ਹੈ, ਜੋ ਅਤਿ-ਆਧੁਨਿਕ ਤਕਨਾਲੋਜੀ ਅਤੇ ਮਾਹਰ ਨੇਤਰ ਵਿਗਿਆਨੀਆਂ ਦੀ ਇੱਕ ਟੀਮ ਦੇ ਨਾਲ ਉੱਨਤ ਅੱਖਾਂ ਦੀ ਦੇਖਭਾਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਸੀਂ ਅਸਾਧਾਰਨ ਮਰੀਜ਼ਾਂ ਦੇ ਨਤੀਜੇ ਅਤੇ ਭਾਈਚਾਰਾ-ਮੁਖੀ ਸਿਹਤ ਪਹਿਲਕਦਮੀਆਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ।



ਓਰੀਐਂਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਯੋਗ ਨਿਰੋਗ- ਰੋਗ ਨਿਵਾਰਨ ਸ਼ਿਵਿਰ ਦਾ ਆਯੋਜਨ

ਲੁਧਿਆਣਾ ,6 ਨਵੰਬਰ (ਕਰਨੈਲ ਸਿੰਘ ਐੱਮ.ਏ.) ਓਰੀਐਂਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ ਦੇ ਚੇਅਰਮੈਨ ਸ਼੍ਰੀ ਵਿਕਰਮ ਸ਼ਰਮਾ ਜੀ, ਐੱਮ.ਡੀ. ਸ਼੍ਰੀਮਤੀ ਸ਼ਾਰਦਾ ਸ਼ਰਮਾ ਜੀ ਅਤੇ ਸ਼੍ਰੀ ਸ਼ੁਭਮ ਸ਼ਰਮਾ ਜੀ, ਡਾਇਰੈਕਟਰ ਡਾ: ਸ਼੍ਰੁਤ ਸ਼ਰਮਾ ਜੀ, ਸ਼੍ਰੀਮਤੀ ਲਕਸ਼ਮੀ ਠਾਕੁਰ ਚੌਹਾਨ ਜੀ ਅਤੇ ਸਕੂਲ ਪ੍ਰਧਾਨਾਚਾਰਿਆ ਚਰਚਾ ਨੇ ਯੋਗ ਦੁਆਰਾ ਸਿਹਤਮੰਦ ਜੀਵਨ ਦਾ ਸੰਦੇਸ਼ ਦੇਣ ਲਈ ਆਯੋਜਿਤ ਯੋਗ ਅਤੇ ਰੋਗ ਨਿਵਾਰਨ ਸ਼ਿਵਿਰ ਵਿੱਚ ਉਤਸ਼ਾਹ ਨਾਲ ਭਾਗ ਲਿਆ ਇਹ ਸ਼ਿਵਰ ਨੰਦੀ ਬਾਬਾ ਜੀ ਅਤੇ ਉਨ੍ਹਾਂ ਦੀ ਟੀਮ, ਯੋਗ ਪਰਿਵਾਰ ਕਮੇਟੀ, ਰੱਖ ਬਾਗ,



ਲੁਧਿਆਣਾ ਦੇ ਸੌਜਨ ਤੋਂ ਆਯੋਜਿਤ ਕੀਤੀ ਗਈ ਸ਼ਿਵਿਰ ਦੇ ਸਮੇਂ ਦਾ ਮਹੱਤਵ, ਸਰੀਰਕ ਸਿਹਤ, ਮਾਨਸਿਕ ਸ਼ਾਂਤੀ ਅਤੇ ਕੁਦਰਤੀ ਤੌਰ 'ਤੇ ਪ੍ਰਤੀਨਿਧਤਾ ਦਾ ਸੰਦੇਸ਼ ਦਿੱਤਾ ਗਿਆ ਸਾਰੇ ਪ੍ਰਤਿਭਾਗੀਆਂ ਨੇ ਯੋਗਅਭਿਆਸ ਵਿੱਚ ਭਾਗਾਂ ਨੂੰ ਸਿਹਤਮੰਦ ਅਤੇ ਪਾਕਿ ਜੀਵਨ ਜੀਣੇ ਦਾ ਸੰਕਲਪ ਲਿਆ ਇਸ ਮੌਕੇ 'ਤੇ ਸਕੂਲ ਪ੍ਰਬੰਧਨ ਨੇ ਯੋਗ ਪਰਿਵਾਰ ਅਤੇ ਨੰਦੀ ਬਾਬਾ ਜੀ ਦੀ ਟੀਮ ਨੇ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਯੋਗ ਅਭਿਆਸ ਨਹੀਂ, ਸ਼ਾਂਤੀ, ਸਥਿਰਤਾ ਅਤੇ ਅਨੁਸ਼ਾਸਿਤ ਜੀਵਨ ਜੀਣੇ ਦੀ ਇੱਕ ਉੱਤਮ ਕਲਾ ਹੈ।

ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ

ਫਗਵਾੜਾ, 6 ਨਵੰਬਰ (ਸਤ ਪ੍ਰਕਾਸ਼ ਸਿੰਘ ਸੱਗੂ) ਗੁਰਦੁਆਰਾ ਸੁਖਚੈਨਆਣਾ ਸਾਹਿਬ ਅਤੇ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸਿਮਰਨ ਸੁਸਾਇਟੀ ਵਲੋਂ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਫਗਵਾੜਾ ਦੇ ਭਰਪੂਰ ਸਹਿਯੋਗ ਨਾਲ ਧੰਨ- ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਬੜੀ ਸ਼ਰਧਾ ਨਾਲ ਕਰਵਾਇਆ ਕਰਵਾਇਆ ਗਿਆ ਇਸ ਮੌਕੇ ਸਵੇਰੇ ਸ੍ਰੀ ਆਖੰਡ ਪਾਠ ਜੀ ਦੇ ਭੋਗ ਪਾਏ ਗਏ ਉਪਰੰਤ ਭਾਈ ਸ਼ਮਸ਼ੇਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੁਖਚੈਨਆਣਾ ਸਾਹਿਬ ਦੇ ਜਥੇ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਿਹਾਲ ਕੀਤਾ ਸਮਾਗਮ ਦੌਰਾਨ ਭਾਈ ਕਾਰਜ ਸਿੰਘ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ,ਭਾਈ ਰਾਜਪਰਮਿੰਦਰ ਸਿੰਘ ਫਗਵਾੜੇ ,ਭਾਈ ਹਰਦੀਪ ਸਿੰਘ ਰਾਮਦੀਵਾਲੀ ,ਭਾਈ ਅੰਮ੍ਰਿਤਪਾਲ ਸਿੰਘ ਹੈਡ ਗ੍ਰੰਥੀ, ਭਾਈ ਸਤਿੰਦਰਜੀਤ ਸਿੰਘ ਖਾਲਸਾ ,ਭਾਈ ਕੇਵਲ ਸਿੰਘ ਕਥਾ ਵਾਚਕ,ਭਾਈ ਹਰਜਿੰਦਰ ਸਿੰਘ ਗ੍ਰੰਥੀ, ,ਭਾਈ ਦਲਜੀਤ ਸਿੰਘ ਹੈਡ ਗ੍ਰੰਥੀ,,ਭਾਈ ਸ਼ਮਸ਼ੇਰ ਸਿੰਘ ਆਦਿ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਿਹਾਲ ਕੀਤਾ ਇਸ ਮੌਕੇ ਸੰਗਤਾਂ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ ਸ. ਨਰਿੰਦਰ ਸਿੰਘ ਮੈਨੇਜਰ ਗੁਰਦੁਆਰਾ ਸੁਖਚੈਨਆਣਾ ਸਾਹਿਬ ,ਭਾਈ ਹਰਜਿੰਦਰ ਸਿੰਘ ਸਟੋਰ ਕੀਪਰ, ਮੋਹਣ ਸਿੰਘ ਸ਼ਾਹੀ ,ਅਵਤਾਰ ਸਿੰਘ ਛਾਬੜਾ,ਸ. ਮਨਦੀਪ ਸਿੰਘ ਸ. ਜਰਨੈਲ ਸਿੰਘ ਵਾਹਦ , ਜਤਿੰਦਰ ਸਿੰਘ ਖਾਲਸਾ ,ਜਸਪ੍ਰੀਤ ਸਿੰਘ, ਜਸਨੂਰ ਸਿੰਘ,ਗੁਰਦੀਪ ਸਿੰਘ ਖੇੜਾ, ਸਰਬਜੀਤ ਕੌਰ,ਜਸਵਿੰਦਰ ਸਿੰਘ ਭਗਤਪੁਰਾ ,ਰਵਿੰਦਰ ਸਿੰਘ ਰਾਏ, ਸ. ਹਰਵਿੰਦਰ ਸਿੰਘ ਬਾਵਾ,ਗੁਲਜਾਰ ਸਿੰਘ, ਮਾਸਟਰ ਸੰਤੋਖ ਸਿੰਘ,,ਜਸਵਿੰਦਰ ਸਿੰਘ ਘੁੰਮਣ,ਜਸਵੀਰ ਸਿੰਘ ਢਿੱਲੋਂ,ਕੁਲਵਿੰਦਰ ਸਿੰਘ ਕਿੰਦਾ,ਅਮਰਜੀਤ ਸਿੰਘ ਬੱਬਲੀ ,ਅਰਵਿੰਦਰ ਸਿੰਘ ਨੀਟਾ ,ਸਤਨਾਮ ਸਿੰਘ ਅਰਸ਼ੀ ,ਗੁਰਮੀਤ ਸਿੰਘ ਰਾਵਲਪਿੰਡੀ ,ਅਵਤਾਰ ਸਿੰਘ ਮੈਨੇਜਰ, ,ਆਦਿ ਹਾਜ਼ਰ।



ਨਸ਼ੇ ਅਤੇ ਹੋਰ ਬੁਰਾਈਆਂ ਨੂੰ ਖਤਮ ਕਰਨ ਲਈ ਸਹਿਯੋਗ ਦੇਣਾ ਚਾਹੀਦਾ : ਗਗਨਦੀਪ ਖੁਰਾਣਾ



ਲੁਧਿਆਣਾ ,6 ਨਵੰਬਰ (ਕਰਨੈਲ ਸਿੰਘ ਐੱਮ.ਏ.) ਸ਼ਹਿਰ ਦੇ ਪ੍ਰਸਿੱਧ ਕਾਰੋਬਾਰੀ ਆਗੂ ਅਤੇ ਸਮਾਜ ਸੇਵਕ ਗਗਨਦੀਪ ਸਿੰਘ ਖੁਰਾਣਾ ਨੇ ਇੱਕ ਗੱਲਬਾਤ ਦੌਰਾਨ ਕਿਹਾ ਕਿ ਬਿਹਤਰ ਸਮਾਜ ਦੀ ਸਥਾਪਨਾ ਲਈ ਨਸ਼ੇ ਅਤੇ ਹੋਰ ਬੁਰਾਈਆਂ ਨੂੰ ਖਤਮ ਕਰਨ ਲਈ ਯੋਗਦਾਨ ਪਾਉਣਾ ਸਾਡਾ ਸਾਰਿਆਂ ਦਾ ਫਰਜ਼ ਹੈ ਇਸ ਦੇ ਨਾਲ-ਨਾਲ ਬਿਹਤਰ ਸਮਾਜ ਦੀ ਸਿਰਜਣਾ ਲਈ ਸਾਂਝੇ ਤੌਰ ਤੇ ਹੀ ਯਤਨ ਕਰਨੇ ਚਾਹੀਦੇ ਹਨ ਉਹਨਾਂ ਕਿਹਾ ਕਿ ਸਾਡਾ ਫ਼ਰਜ਼ ਬਣਦਾ ਹੈ ਕਿ ਸਮਾਜ ਭਲਾਈ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੇ ਨਾਲ-ਨਾਲ ਲੋੜਵੰਦਾਂ ਦੀ ਮਦਦ ਵੀ ਕਰੀਏ ਉਹਨਾਂ ਕਿਹਾ ਕਿ ਨਰੋਏ ਸਮਾਜ ਦੀ ਸਿਰਜਣਾ ਕਰਨਾ ਕਿਸੇ ਇਕੱਲੇ ਵਿਅਕਤੀ ਦਾ ਕੰਮ ਨਹੀਂ ਹੈ, ਸਾਨੂੰ ਸਾਰਿਆਂ ਨੂੰ ਸਾਂਝੇ ਤੌਰ ਤੇ ਇਕਜੁੱਟ ਹੋ ਕੇ ਬਿਹਤਰ ਸਮਾਜ ਦੀ ਸਥਾਪਨਾ ਲਈ ਯਤਨ ਕਰਨ ਦੇ ਨਾਲ-ਨਾਲ ਸਮਾਜ ਵਿੱਚ ਹੋਰ ਲੋਕਾਂ ਨੂੰ ਜਾਗਰੂਕ ਕਰਨ ਲਈ ਵੀ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ।

ਕਾਂਗਰਸ ਦੀ ਸੰਗਰੂਰ ਰੈਲੀ ਨੇ ਉਡਾਈ ਵਿਰੋਧੀਆਂ ਦੀ ਨੀਂਦ, ਰਾਹੁਲ ਗਾਂਧੀ ਨੇ ਇੱਕਜੁੱਟ ਹੋਣ ਦਾ ਦਿੱਤਾ ਹੋਕਾ : ਕੰਗ

ਕੁਰਾਲੀ, 6 ਨਵੰਬਰ (ਰਾਜੀਵ ਸਿੰਗਲਾ, ਪਰਮਜੀਤ ਸਿੰਘ) : ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੰਤਰੀ ਪੰਜਾਬ ਸ. ਜਗਮੋਹਨ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਸੰਗਰੂਰ ਇਨਸਾਫ਼ ਰੈਲੀ ਵਿੱਚ ਹੋਇਆ ਬੇਮਿਸਾਲ ਇਕੱਠ, ਆਸ ਨਾਲੋਂ ਜ਼ਿਆਦਾ।ਮਾਲਵੇ ਦੀ ਧਰਤੀ ਤੇ ਪਬਲਿਕ ਮੀਟਿੰਗ ਵਿੱਚ ਪੰਜਾਬੀਆਂ ਨੂੰ ਸੰਬੋਧਨ ਹੁੰਦਿਆਂ ਸ਼੍ਰੀ ਮੱਲਿਕਾਰਜੁਨ ਖੜਗੇ, ਪ੍ਰਧਾਨ ਕੁੱਲ ਹਿੰਦ ਕਾਂਗਰਸ, ਸ਼੍ਰੀ ਰਾਹੁਲ ਗਾਂਧੀ ਜੀ, ਸ਼੍ਰੀ ਸਚਿਨ ਪਾਇਲਟ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਪ੍ਰਗਟ ਸਿੰਘ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼/ਬਿਗੁਲ ਵਜਾਇਆ ਅਤੇ ਜ਼ੋਰ ਦੇ ਕੇ ਕਿਹਾ ਕਿ ਹੁਣ ਸੂਬੇ ਵਿੱਚ ਜਨਤਾ ਨੇ ਆਪ ਪਾਰਟੀ ਦੀ ਭ੍ਰਿਸ਼ਟ ਸਰਕਾਰ ਨੂੰ ਲਾਂਭੇ ਕਰਨ ਦਾ ਮਨ ਬਣਾ ਲਿਆ ਹੈ, ਕਿਉਂਕਿ 2022 ਵਿੱਚ ਜੋ ਕੇਜਰੀਵਾਲ ਅਤੇ ਭਗਵੰਤ ਮਾਨ ਨੇ "ਇਕ ਮੌਕਾ ਦੇ ਦੋ"ਦਾ ਨਾਅਰਾ ਦੇ ਕੇ ਪੰਜਾਬ ਦੀ ਭੋਲੀ-ਭਾਲੀ ਜਨਤਾ ਨੂੰ ਭਰਮਾ ਲਿਆ ਸੀ। ਇਸ ਆਪ ਦੀ ਭ੍ਰਿਸ਼ਟ ਅਤੇ ਬੇਹੱਦ ਕਰਜ਼ਾਈ ਮਾਨ ਸਰਕਾਰ ਨੇ ਸਿਰਫ਼ ਪੰਜਾਬ ਨੂੰ ਲੁੱਟਿਆ ਅਤੇ ਕੁੱਟਿਆ ਹੀ ਹੈ। ਹੁਣ ਲੋਕ ਇਸ ਨੂੰ ਮੂੰਹ ਨਹੀਂ ਲਗਾਉਣਗੇ। ਇਸ ਦੇ ਨਾਲ-ਨਾਲ ਰਾਹੁਲ ਗਾਂਧੀ ਜੀ ਨੇ ਵੋਟ ਚੋਰੀ ਅਤੇ ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਨੂੰ ਲੈ ਕੇ ਵੀ ਤਿੱਖੀਆਂ ਟਿੱਪਣੀਆਂ ਕਰਦਿਆ ਸੂਬੇ ਵਿੱਚ ਸਮੁੱਚੀ ਲੀਡਰਸ਼ਿਪ, ਕਾਂਗਰਸ ਦੇ ਵਰਕਰਾਂ/ਲੀਡਰਾਂ ਨੂੰ ਇੱਕਮੁੱਠ/ਜੁੱਟ ਹੋ ਕੇ ਪਾਰਟੀ ਨੂੰ ਹਰ ਪੱਧਰ ਤੇ ਲਾਮਬੰਦ ਕਰਨ ਦਾ ਵੀ ਦਿੱਤਾ ਹੋਕਾ। ਸਾਬਕਾ ਮੰਤਰੀ ਕੰਗ ਨੇ ਸੰਗਰੂਰ ਵਿਖੇ ਮਾਲਵੇ ਦੇ ਗੜ੍ਹ ਵਿੱਚ ਹੋਈ ਇਸ ਬੇਮਿਸਾਲ ਵੱਡੀ ਰੈਲੀ ਲਈ ਨਵੇਂ ਬਣੇ ਪ੍ਰਧਾਨ ਸ. ਪਰਗਟ ਸਿੰਘ ਨੂੰ ਵਧਾਈਆਂ ਅਤੇ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਅੱਜ ਸੂਬੇ ਵਿੱਚ ਜਨਤਾ ਅਤੇ ਪੰਜਾਬ ਦਾ ਕਾਂਗਰਸੀ ਵਰਕਰ/ਲੀਡਰ ਕਾਂਗਰਸ ਸਰਕਾਰ ਬਣਾਉਣ ਲਈ ਉਤਸ਼ਾਹਿਤ ਹੈ, ਪ੍ਰੰਤੂ ਲੀਡਰਾਂ ਨੂੰ ਆਪਣੀ ਖਹਿਬਾਜ਼ੀ ਜਾਂ ਸੌੜੇ ਹਿੱਤਾਂ ਤੋਂ ਉਪਰ ਉੱਠ ਕੇ, ਸਭ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ। ਸ. ਕੰਗ ਨੇ ਇਸ ਮੌਕੇ ਜੋ ਹਲਕਾ ਖਰੜ ਤੋਂ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ/ਲੀਡਰ ਦਾ ਸੰਗਰੂਰ ਦੀ ਰੈਲੀ ਵਿੱਚ ਸ਼ਾਮਲ ਹੋਣ ਤੇ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਇਹ ਜੰਗਲਰਾਜ ਵਾਲੀ ਆਪ ਸਰਕਾਰ ਚੋਣਾਂ ਨੇੜੇ ਆ ਕੇ ਆਪਣੀ ਸ਼ਾਖ ਬਚਾਉਣ ਲਈ ਰੇਵੜੀਆਂ ਵੰਡਦੀ ਫਿਰਦੀ ਹੈ- ਚਾਹੇ ਬੀਬੀਆਂ-ਭੈਣਾਂ ਦਾ ਮਾਣ ਭੱਤਾ ਹੋਵੇ, ਚਾਹੇ ਰਸੋਈ ਕਿੱਟਾਂ ਜਾਂ ਸਿਹਤ ਬੀਮਾ ਸਕੀਮ ਕਿਉਂ ਨਾ ਹੋਵੇ। ਪ੍ਰੰਤੂ ਜਿਵੇਂ ਕਿਹਾ ਗਿਆ ਹੈ ਕਿ ਬੰਦਾ ਜਾਣੇ ਰਾਹ ਪਿਆ ਜਾਂ ਵਾਹ ਪਿਆ, ਯਾਨੀ ਕਿ ਲੋਕਾਂ ਨੇ ਪਿੱਛਲੇ ਸਮੇਂ ਦੌਰਾਨ ਇਸ ਝੂਠੀ, ਦੋਗਲੀ, ਜੰਗਲਰਾਜ ਵਾਲੀ ਸਰਕਾਰ ਨੂੰ ਵਰਤ ਕੇ ਦੇਖ ਲਿਆ ਹੈ ਅਤੇ ਕਿਸੇ ਕੀਮਤ ਤੇ ਪੰਜਾਬ ਦੀ ਜਨਤਾ ਪੰਜਾਬ ਦਾ ਹੋਰ ਉਜਾੜਾ ਨਹੀਂ ਹੋਣ ਦੇਵੇਗੀ। ਯਕੀਨਨ ਤੌਰ ਤੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਜਾ ਰਹੀ ਹੈ ਅਤੇ ਆਪਾਂ ਸਾਰੇ ਕਾਂਗਰਸੀ ਵਰਕਰਾਂ/ਲੀਡਰਾਂ ਨੇ ਸਾਰੇ ਮੱਤਭੇਦ ਭੁਲਾ ਕੇ ਪਿੰਡਾਂ/ਸ਼ਹਿਰਾਂ ਵਿੱਚ ਕਾਂਗਰਸ ਪਾਰਟੀ ਨੂੰ ਲਾਮਬੰਦ ਕਰਨ ਅਤੇ ਸਖਤ ਮਿਹਨਤ ਕਰਨ ਦੀ ਲੋੜ ਹੈ।



Ceigall
PURSUIT WITH EXCELLENCE

CEIGALL INDIA LIMITED

Registered Office: A-898, Tagore Nagar, Ludhiana, Punjab-141001
Corporate Office: Plot No. 70, Institutional Area, Sector 32, Gurugram, Haryana-122001
CIN: L45201PB2002PLC025257, E-mail: secretarial@ceigall.com, Website: www.ceigall.com

EXTRACT OF STATEMENT OF UNAUDITED FINANCIAL RESULTS FOR THE QUARTER AND HALF YEAR ENDED SEPTEMBER 30, 2026

(All amounts in Million INR unless otherwise stated)

S. No.	Particulars	Standalone						Consolidated					
		Quarter ended			Half Year ended		Year ended	Quarter ended			Half Year ended		Year ended
		30-Sep-26	30-Jun-26	30-Sep-25	30-Sep-26	30-Sep-25	31-Mar-26	30-Sep-26	30-Jun-26	30-Sep-25	30-Sep-26	30-Sep-25	31-Mar-26
		(Unaudited)	(Unaudited)	(Unaudited)	(Unaudited)	(Unaudited)	(Audited)	(Unaudited)	(Unaudited)	(Unaudited)	(Unaudited)	(Unaudited)	(Audited)
1	Total Income from Operations	9,822.04	9,110.54	8,033.83	18,932.58	16,368.83	39,247.45	10,281.39	9,810.78	8,232.23	20,092.17	16,758.39	40,766.56
2	Net Profit / (Loss) for the period (before Tax, Exceptional and/or Extraordinary items)	1,096.73	1,029.70	744.66	2,126.43	1,487.44	4,106.31	1,241.04	978.72	772.28	2,219.76	1,446.51	4,176.28
3	Net Profit / (Loss) for the period before tax (after Exceptional and/or Extraordinary items)	1,096.73	1,011.13	744.66	2,107.86	1,487.44	4,106.31	1,241.04	953.56	772.28	2,194.60	1,446.51	4,176.28
4	Net Profit / (Loss) for the period after tax (after Exceptional and/or Extraordinary items)	819.71	753.36	558.63	1,573.07	1,117.85	3,051.83	921.67	637.47	561.61	1,559.14	1,074.99	3,089.20
5	Total Comprehensive Income for the period [Comprising Profit / (Loss) for the period (after tax) and Other Comprehensive Income (after tax)]	826.14	748.97	564.66	1,575.11	1,128.87	3,067.55	928.23	633.02	567.64	1,561.25	1,086.02	3,104.89
6	Paid up equity share capital (Face value of ₹5/- each)	871.02	871.02	871.02	871.02	871.02	871.02	871.02	871.02	871.02	871.02	871.02	871.02
7	Other equity (excluding revaluation reserves) as at balance sheet date												
8	Earnings Per Equity Shares (not annualised for quarters)												
	Basic (In ₹)	4.71	4.32	3.21	9.03	6.42	17.52	5.29	3.66	3.22	8.95	6.17	17.73
	Diluted (In ₹)	4.71	4.32	3.21	9.03	6.42	17.52	5.29	3.66	3.22	8.95	6.17	17.73

Notes : 1) The above is an extract of the detailed format of Quarterly and Half yearly Financial Results filed with the Stock Exchanges under Regulation 33 of the SEBI (Listing Obligations and Disclosure Requirements) Regulations, 2015. The full format of the Quarterly Financial Results are available on Stock Exchanges website (www.bseindia.com, www.nseindia.com) and Company's website (www.ceigall.com).
2) The above Standalone and Consolidated results, reviewed by the Audit Committee, were approved by the Board of Directors at their respective meetings held on November 04, 2026 and November 05, 2026.

For and on behalf of the Board of Directors
Ceigall India Limited
Sd/-
Ramneek Sehgal
Chairman & Managing Director
(DIN: 01614465)

Place: Gurugram
Date: 5th November, 2026